Notice of extension of suspension

Using the telephone interpreter service to contact the school

# ਮੁਅੱਤਲੀ ਦੀ ਮਿਆਦ ਵਿੱਚ ਵਾਧੇ ਦਾ ਨੋਟਿਸ

## ਸਕੂਲ ਨਾਲ ਸੰਪਰਕ ਕਰਨ ਲਈ ਟੈਲੀਫ਼ੋਨ ਦੁਭਾਸ਼ੀਆ ਸੇਵਾ ਦੀ ਵਰਤੋਂ ਕਰਨਾ

ਵਿਦਿਆਰਥੀ ਦਾ ਨਾਮ

Name of student

ਸਤਿਕਾਰਯੋਗ ਮਾਪਿਓ/ਸੰਭਾਲ ਕਰਨ ਵਾਲਿਓ

ਇਸ ਨਾਲ ਨੱਥੀ ਕੀਤੀ ਚਿੱਠੀ ਵਿੱਚ ਮੁਅੱਤਲੀ ਦੀ ਮਿਆਦ ਵਧਾਉਣ ਦੇ ਨੋਟਿਸ ਦੇ ਵੇਰਵਿਆਂ ਬਾਰੇ ਦੱਸਿਆ ਗਿਆ ਹੈ ਜੋ ਮੈਂ NSW ਦੇ ਸਿੱਖਿਆ ਵਿਭਾਗ ਦੀ ਵਿਦਿਆਰਥੀ ਵਿਵਹਾਰ ਨੀਤੀ ਅਤੇ ਮੁਅੱਤਲੀ ਅਤੇ ਸਕੂਲੋਂ ਬਾਹਰ ਕੱਢਣ ਦੀਆਂ ਪ੍ਰਕਿਰਿਆਵਾਂ ਦੇ ਅਨੁਸਾਰ ਤੁਹਾਡੇ ਬੱਚੇ ਨੂੰ ਜਾਰੀ ਕੀਤੀ ਹੈ।

ਇਹ ਚਿੱਠੀ ਤੁਹਾਨੂੰ ਮੁਅੱਤਲੀ ਖ਼ਤਮ ਹੋਣ ਦੀ ਨਵੀਂ ਤਰੀਕ ਬਾਰੇ ਦੱਸਦੀ ਹੈ ਅਤੇ ਤੁਹਾਨੂੰ ਮੁਅੱਤਲੀ ਬਾਰੇ ਵਿਚਾਰ-ਵਟਾਂਦਰਾ ਕਰਨ ਅਤੇ ਤੁਹਾਡੇ ਬੱਚੇ ਦੇ ਸਕੂਲ ਵਾਪਸ ਆਉਣ 'ਤੇ ਸਹਾਇਤਾ ਦੀ ਯੋਜਨਾ ਬਣਾਉਣ ਲਈ ਮਤਾ ਪਕਾਉਣ ਦੀ ਮੀਟਿੰਗ ਵਿੱਚ ਸ਼ਾਮਲ ਹੋਣ ਲਈ ਸੱਦਾ ਦਿੰਦੀ ਹੈ। ਜਦੋਂ ਸਕੂਲ ਤੁਹਾਡੇ ਨਾਲ ਸੰਪਰਕ ਕਰਦਾ ਹੈ, ਤਾਂ ਕਿਰਪਾ ਕਰਕੇ ਸਾਨੂੰ ਦੱਸੋ ਜੇ ਤੁਹਾਨੂੰ ਮੀਟਿੰਗ ਵਿੱਚ ਦੁਭਾਸ਼ੀਏ ਦੀ ਲੋੜ ਹੈ ਅਤੇ ਅਸੀਂ ਇਸ ਦਾ ਪ੍ਰਬੰਧ ਕਰਾਂਗੇ। ਜੇ ਤੁਹਾਨੂੰ ਨਾਲ ਨੱਥੀ ਕੀਤੀ ਚਿੱਠੀ ਨੂੰ ਸਮਝਣ ਵਿੱਚ ਮੁਸ਼ਕਿਲ ਆਉਂਦੀ ਹੈ ਤਾਂ ਕਿਰਪਾ ਕਰਕੇ ਸਕੂਲ ਨਾਲ ਸੰਪਰਕ ਕਰੋ ਤਾਂ ਜੋ ਅਸੀਂ ਸਮਝਾ ਸਕੀਏ।

ਸਕੂਲ ਨਾਲ ਸੰਪਰਕ ਕਰਦੇ ਸਮੇਂ ਜੇ ਤੁਹਾਨੂੰ ਦੁਭਾਸ਼ੀਏ ਦੀ ਸਹਾਇਤਾ ਦੀ ਲੋੜ ਹੈ, ਤਾਂ ਕਿਰਪਾ ਕਰਕੇ 131 450 ਨੂੰ ਫ਼ੋਨ ਕਰੋ ਅਤੇ ਆਪਣੀ ਭਾਸ਼ਾ ਵਿੱਚ ਦੁਭਾਸ਼ੀਏ ਦੀ ਮੰਗ ਕਰੋ। ਔਪਰੇਟਰ ਨੂੰ ਉਹ ਫ਼ੋਨ ਨੰਬਰ ਦੱਸੋ ਜਿਸ ਨੂੰ ਤੁਸੀਂ ਫ਼ੋਨ ਕਰਨਾ ਚਾਹੁੰਦੇ ਹੋ, ਅਤੇ ਉਹ ਤੁਹਾਡੀ ਗੱਲਬਾਤ ਵਿੱਚ ਤੁਹਾਡੀ ਮਦਦ ਕਰਨ ਲਈ ਲਾਈਨ 'ਤੇ ਦੁਭਾਸ਼ੀਏ ਨੂੰ ਲਿਆਉਣਗੇ। ਇਸ ਸੇਵਾ ਵਾਸਤੇ ਤੁਹਾਡੇ ਕੋਲੋਂ ਕੋਈ ਫ਼ੀਸ ਨਹੀਂ ਲਈ ਜਾਵੇਗੀ।

ਪ੍ਰਿੰਸੀਪਲ ਦਾ ਨਾਮ

Name of Principal

ਪ੍ਰਿੰਸੀਪਲ ਦਾ ਫ਼ੋਨ ਨੰਬਰ

Principal's phone number